# ਦਫ਼ਤਰ ਜਿਲ੍ਹਾ ਮੈਜਿਸਟਰੇਟ, ਹੁਸ਼ਿਆਰਪੁਰ।

ਪਤਾ: ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ-146001 (ਪੰਜਾਬ)। ਫੋਨ:01882-220301, ਫੈਕਸ-220412
(ਐਲ.ਪੀ.ਏ. ਸ਼ਾਖਾ)

ਸੇਵਾ ਵਿਖੇ,

ਜਿਲ੍ਹਾ ਲੋਕ ਸੰਪਰਕ ਅਫ਼ਸਰ
ਹੁਸ਼ਿਆਰਪੁਰ।

ਨੰਬਰ................../ਐਲ.ਪੀ.ਏ. ਮਿਤੀ.....................

ਵਿਸ਼ਾ : ਅਸਲਾ ਲਾਇਸੰਸ ਪਰ ਯੂਨੀਕ ਆਈਡੰਟੀਫਿਕੇਸ਼ਨ ਨੰਬਰ (ਯੂ.ਆਈ.ਐਨ.) ਲਗਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਇਸ ਪੱਤਰ ਨਾਲ ਪ੍ਰੈਸ ਨੋਟ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪ੍ਰੈਸ ਨੋਟ ਨੂੰ ਤੁੰਰਤ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਨੱਥੀ: ਪ੍ਰੈਸ ਨੋਟ।

(ਅਨਿਲ ਕੁਮਾਰ ਕਾਲਾ)
ਸੁਪਰਡੰਟ ਗਰੇਡ-1
ਵਾ: ਜਿਲ੍ਹਾ ਮੈਜਿਸਟਰੇਟ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ.......43......../ਐਲ.ਪੀ.ਏ. ਮਿਤੀ.....9/1/18.....

ਉਪਰੋਕਤ ਦਾ ਉਤਾਰਾ ਜਿਲ੍ਹਾ ਇੰਫਰਮੇਸ਼ਨ ਅਫ਼ਸਰ, ਹੁਸ਼ਿਆਰਪੁਰ ਨੂੰ ਸਮੇਤ ਪ੍ਰੈਸ ਨੋਟ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਇਸ ਸਬੰਧੀ ਸੂਚਨਾ ਦਫ਼ਤਰ ਦੀ ਸਾਈਟ ਤੇ ਅਪਲੋਡ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਪੈਸ ਨੋਟ ਦੀ ਕਾਪੀ।

(ਅਨਿਲ ਕੁਮਾਰ ਕਾਲਾ)
ਸੁਪਰਡੰਟ ਗਰੇਡ-1
ਵਾ: ਜਿਲ੍ਹਾ ਮੈਜਿਸਟਰੇਟ,
ਹੁਸ਼ਿਆਰਪੁਰ।

## ਪ੍ਰੈਸ ਨੋਟ

ਭਾਰਤ ਸਰਕਾਰ ਅਤੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਚਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਅਸਲਾ ਲਾਇਸੰਸਾਂ ਦੇ ਯੂਨੀਕ ਆਈਡੰਟੀਫਿਕੇਸ਼ਨ ਨੰਬਰ (ਯੂ.ਆਈ.ਐਨ.) ਜਾਰੀ ਕੀਤੇ ਜਾਣੇ ਹਨ। ਕੇਂਦਰ/ਰਾਜ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਦਫ਼ਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵੱਲੋਂ ਜਿਲ੍ਹਾ ਹੁਸ਼ਿਆਰਪੁਰ ਦੇ ਅਸਲਾ ਲਾਇਸੰਸੀਆਂ ਦਾ ਮੁਕੰਮਲ ਰਿਕਾਰਡ ਨੈਸ਼ਨਲ ਡਾਟਾ ਬੇਸ ਆਫ ਆਰਮਜ ਲਾਇਸੰਸ (ਐਨ.ਡੀ.ਏ.ਐਲ.) ਵਿੱਚ ਫੀਡ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਜਿਲ੍ਹੇ ਦੇ ਸਮੂਹ ਅਸਲਾ ਲਾਇਸੰਸੀਆਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 25.01.2018 ਤੱਕ ਆਪਣੇ ਅਸਲਾ ਲਾਇਸੰਸਾਂ ਪਰ ਯੂਨੀਕ ਆਈਡੰਟੀਫਿਕੇਸ਼ਨ ਨੰਬਰ (ਯੂ.ਆਈ.ਐਨ.) ਲਗਵਾਉਣੇ ਯਕੀਨੀ ਬਣਾਉਣ। ਇਹ ਨੰਬਰ ਡਿਪਟੀ ਕਮਿਸ਼ਨਰ ਦਫ਼ਤਰ, ਹੁਸ਼ਿਆਰਪੁਰ ਵਿਖੇ ਕਮਰਾ ਨੰਬਰ: 207 ਵਿਚ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਲਗਵਾਏ ਜਾ ਸਕਦੇ ਹਨ। ਅਸਲਾ ਲਾਇਸੰਸੀਆਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਅਸਲਾ ਲਾਇਸੰਸਾਂ ਪਰ ਮਿਤੀ 31.01.2018 ਤੱਕ ਯੂ.ਆਈ.ਐਨ. ਨਹੀਂ ਲਗਣਗੇ ਉਹ ਅਸਲਾ ਲਾਇਸੰਸ ਵੈਲਿਡ ਨਹੀਂ ਮੰਨੇ ਜਾਣਗੇ/ਰੱਦ ਸਮਝੇ ਜਾਣਗੇ।

ਸਹੀ/-
ਜਿਲ੍ਹਾ ਮੈਜਿਸਟਰੇਟ,
ਹੁਸ਼ਿਆਰਪੁਰ।